# ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ

(ਅਕਾਦਮਿਕ ਵਿਭਾਗ)


Ref. No.: IKG-PTU/DA/ 1855

Date : 16/7/19

ਡਾਇਰੈਕਟਰ / ਪ੍ਰਿੰਸੀਪਲ / ਫੈਕਲਟੀ ਇੰਚਾਰਜ
ਯੂਨੀਵਰਸਿਟੀ ਕੈਂਪਸ / ਐਫੀਲੇਟਿਡ ਕਾਲਜ / ਸੰਸਥਾਵਾਂ / ਖੇਤਰੀ ਕੈਂਪਸ
ਆਈ.ਕੇ.ਜੀ.ਪੰਜਾਬ ਟੈਕਨੀਕਲ ਯੂਨੀਵਰਸਿਟੀ।

ਵਿਸ਼ਾ :- **B.Sc. (Hons) Agriculture** ਵਿੱਚ **BSAG-207B** "ਬੇਸਿਕ ਪੰਜਾਬੀ" ਵਿਸ਼ੇ ਨਾਲ ਆਪਸ਼ਨਲ "ਪੰਜਾਬ ਹਿਸਟਰੀ ਐਂਡ ਕਲਚਰ" ਦਾ ਵਿਸ਼ਾ ਸ਼ਾਮਲ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ 51ਵੀਂ ਅਕਾਦਮਿਕ ਕੌਂਸਿਲ ਦੇ ਨੁੱਕਤਾ ਨੰਬਰ 51.12 ਰਾਹੀਂ ਅਕਾਦਮਕਿ ਕੌਂਸਿਲ ਵੱਲੋਂ B.Sc. (Hons) Agriculture ਵਿੱਚ ਬੇਸਿਕ ਪੰਜਾਬੀ ਵਿਸ਼ੇ ਨਾਲ ਪੰਜਾਬ ਹਿਸਟਰੀ ਐਂਡ ਕਲਚਰ ਦਾ ਵਿਸ਼ਾ ਸ਼ਾਮਲ ਕਰਨ ਦੀ ਆਗਿਆ ਦਿੱਤੀ ਗਈ ਸੀ।

ਉਕਤ ਸਿਲਸਿਲੇ ਦੀ ਰੌਸ਼ਨੀ ਵਿੱਚ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ B.Sc. (Hons) Agriculture ਵਿੱਚ ਸਿੱਖਿਆ ਗ੍ਰਹਿਣ ਕਰ ਰਹੇ ਦਾਖਲਾ ਸੈਸ਼ਨ 2014, 2015, 2016, 2017 ਅਤੇ 2018 ਦੇ ਵਿਦਿਆਰਥੀ ਜ਼ੋ ਕਿ ਅਜੇ ਤੱਕ BSAG-207B ਬੇਸਿਕ ਪੰਜਾਬੀ ਦਾ ਵਿਸ਼ਾ ਪਾਸ ਨਹੀਂ ਕਰ ਸਕੇ ਹੁਣ ਬੇਸਿਕ ਪੰਜਾਬੀ ਵਿਸ਼ੇ ਦੀ ਜਗ੍ਹਾ ਆਪਸ਼ਨਲ "ਪੰਜਾਬ ਹਿਸਟਰੀ ਐਂਡ ਕਲਚਰ" ਦਾ ਵਿਸ਼ਾ ਵੀ ਲੈ ਸਕਦੇ ਹਨ ਅਤੇ ਵਿਦਿਆਰਥੀਆਂ ਵੱਲੋਂ ਇੰਨ੍ਹਾਂ ਦੋਵਾਂ ਵਿਸ਼ਿਆਂ ਵਿੱਚੋਂ ਕੇਵਲ ਇੱਕ ਹੀ ਵਿਸ਼ਾ ਪਾਸ ਕਰਨਾ ਹੋਵੇਗਾ। "ਪੰਜਾਬ ਹਿਸਟਰੀ ਐਂਡ ਕਲਚਰ" ਵਿਸ਼ੇ ਦਾ ਸਿਲੇਬਸ ਇਸ ਪੱਤਰ ਨਾਲ ਨੱਥੀ ਕਰਕੇ ਆਪ ਜੀ ਦੀ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਨੱਥੀ : ਉਕਤ ਅਨੁਸਾਰ।

(ਡਾ. ਬਲਕਾਰ ਸਿੰਘ)
ਡਾਇਰੈਕਟਰ ਅਕਾਦਮਿਕ

ਨੰਬਰ / ਆਈ.ਕੇ.ਜੀ.ਪੀ.ਟੀ.ਯੂ./ਡੀ.ਅ./ਓ.ਆਈ./ ਮਿਤੀ/

ਇਸ ਦਾ ਇੱਕ ਉਤਾਰਾ :

1. ਇੰਚਾਰਜ ਸਕੱਤਰੇਤ, ਦਫ਼ਤਰ ਉਪ-ਕੁਲਪਤੀ ਜੀ ਨੂੰ ਸੂਚਨਾ ਹਿੱਤ।
2. ਕੰਟਰੋਲਰ ਪ੍ਰੀਖਿਆਵਾਂ, ਪ੍ਰੀਖਿਆਵਾਂ ਵਿਭਾਗ, ਆਈ.ਕੇ.ਜੀ.ਪੀ.ਟੀ.ਯੂ. ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਅਤੇ ਯੂਨੀਵਰਸਿਟੀ ਨਾਲ ਸਬੰਧਤ ਐਫੀਲੇਟਿਡ ਸੰਸਥਾਵਾਂ / ਕਾਲਜਾਂ ਦੀ ਲਾਗਿਨ ਆਈ.ਡੀ. ਵਿਚ ਭੇਜਣ ਹਿੱਤ।
3. ਡਿਪਟੀ ਕੰਟਰੋਲਰ (ਗੁਪਤ ਸ਼ਾਖਾ) ਪ੍ਰੀਖਿਆ ਵਿਭਾਗ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ।
4. ਇੰਚਾਰਜ, ਆਈ.ਟੀ.ਐਸ., ਵਿਭਾਗ ਨੂੰ ਯੂਨੀਵਰਸਿਟੀ ਦੀ ਵੈਬਸਾਈਟ ਉਪਰ ਅਪਲੋਡ ਕਰਨ ਹਿੱਤ।
5. ਸੀਨੀਅਰ ਸਹਾਇਕ (ਅਕਾਦਮਿਕ ਕੌਂਸਿਲ) ਅਕਾਦਮਿਕ ਵਿਭਾਗ ਨੂੰ ਅਕਾਦਮਿਕ ਕੌਂਸਿਲ ਦੀ ਪ੍ਰਵਾਨਗੀ ਹਿੱਤ।

(ਡਾ. ਬਲਕਾਰ ਸਿੰਘ)
ਡਾਇਰੈਕਟਰ ਅਕਾਦਮਿਕ